CEAS
B.C. Coalition to Eliminate Abuse of Seniors

## ਬਜ਼ੁਰਗਾਂ ਲਈ ਜਾਣਕਾਰੀ

*ਬਜ਼ੁਰਗਾਂ ਲਈ ਜਾਣਕਾਰੀ ਦੀਆਂ ਸ਼ੀਟਾਂ ਦੀ ਲੜੀ ਵਿੱਚੋਂ ਇਹ ਇਕ ਸ਼ੀਟ ਹੈ। ਹੋਰ ਇਹ ਹਨ:*

- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ – ਕੀ ਇਹ ਇਕ ਜੁਰਮ ਹੈ?*
- *ਜੁਰਮਾਂ ਬਾਰੇ ਪੁਲੀਸ ਨੂੰ ਰਿਪੋਰਟ ਕਰਨਾ ਅਤੇ ਤੁਹਾਡੇ ਵਲੋਂ ਰਿਪੋਰਟ ਕਰਨ ਵੇਲੇ ਕੀ ਹੁੰਦਾ ਹੈ*
- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਅਤੇ ਕਰਿਮੀਨਲ ਜਸਟਿਸ ਸਿਸਟਮ*
- *ਕਨੂੰਨੀ ਮਦਦ ਕਿੱਥੋਂ ਲੈਣੀ ਹੈ*
- *ਅਡੱਲਟ ਗਾਰਡੀਅਨਸ਼ਿਪ ਐਕਟ ਦੇ ਹਿੱਸਾ 3 ਅਧੀਨ ਬੁਰੇ ਵਰਤਾਉ ਅਤੇ ਅਣਗਹਿਲੀ ਦੀ ਰਿਪੋਰਟ ਕਰਨਾ*

# *ਆਪਣੇ ਕੰਮਾਂ ਦੇ ਪ੍ਰਬੰਧ ਵਿਚ ਮਦਦ ਲਈ ਹੋਰ ਲੋਕਾਂ ਨੂੰ ਅਧਿਕਾਰ ਦੇਣਾ*

ਸੰਸਾਰ ਜ਼ਿਆਦਾ ਗੁੰਝਲਦਾਰ ਹੁੰਦਾ ਦਿਖਾਈ ਦਿੰਦਾ ਹੈ, ਖਾਸ ਕਰਕੇ ਉਦੋਂ ਜਦੋਂ ਬਿੱਲ ਦੇਣ ਵਾਲੇ ਹੁੰਦੇ ਹਨ ਅਤੇ ਫਾਰਮ ਭਰਨੇ ਪੈਂਦੇ ਹਨ। ਸਾਡੇ ਵਿੱਚੋਂ ਬਹੁਤ ਸਾਰੇ ਇਹ ਫਿਕਰ ਕਰਦੇ ਹਨ ਕਿ ਜੇ ਅਸੀਂ ਬੀਮਾਰ ਜਾਂ ਅਪਾਹਜ ਹੋ ਗਏ ਤਾਂ ਅਸੀਂ ਆਪਣੇ ਮਾਮਲੇ ਕਿਵੇਂ ਨਜਿੱਠਾਂਗੇ।

ਆਪਣੇ ਮਾਇਕ ਕੰਮਾਂ ਦੇ ਪ੍ਰਬੰਧ ਵਿਚ ਆਪਣੀ ਮਦਦ ਲਈ ਕਿਸੇ ਨੂੰ ਆਗਿਆ ਦੇਣ ਲਈ ਕਈ ਰਸਮੀ ਅਤੇ ਗੈਰਰਸਮੀ ਤਰੀਕੇ ਹਨ। ਉਦਾਹਰਣ ਲਈ, ਤੁਸੀਂ ਆਪਣੀ ਬੈਂਕ, ਕਰੈਡਿਟ ਯੂਨੀਅਨ ਜਾਂ ਟਰੱਸਟ ਕੰਪਨੀ ਨਾਲ ਇਹ ਗੱਲਬਾਤ ਕਰਦੇ ਹੋਏ ਸ਼ੁਰੂ ਕਰ ਸਕਦੇ ਹੋ ਕਿ ਬਿੱਲ ਦੇਣ ਲਈ ਉਹ ਕਿਹੜੀਆਂ ਸੇਵਾਵਾਂ ਦੇ ਸਕਦੇ ਹਨ। ਜਾਂ, ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਆਪਣੀ ਮਦਦ ਕਰਨ ਲਈ ਕਹੋ। ਉਹ ਵੀ ਸਾਰੀ ਲੋੜੀਂਦੀ ਮਦਦ ਕਰਨ ਦੇ ਯੋਗ ਹੋ ਸਕਦੇ ਹਨ।

ਜੇ ਤੁਸੀਂ ਜ਼ਿਆਦਾ ਰਸਮੀ ਕਦਮ ਚੁੱਕਣਾ ਚਾਹੁੰਦੇ ਹੋਵੋ ਤਾਂ ਇਹ ਜਾਣਕਾਰੀ ਸ਼ੀਟ ਕੁਝ ਆਮ ਚੋਣਾਂ ਬਾਰੇ ਦੱਸਦੀ ਹੈ। ਇਹ ਸਾਰੀਆਂ ਮਦਦ ਕਰ ਸਕਦੀਆਂ ਹਨ ਪਰ, ਗਲਤ ਹੱਥਾਂ ਵਿਚ, ਇਹ ਨੁਕਸਾਨਦੇਹ ਵੀ ਹੋ ਸਕਦੀਆਂ ਹਨ। ਇਸ ਸ਼ੀਟ ਦੇ ਅੰਤ ਵਿਚ ਦਿੱਤੇ ਗਏ ਵਸੀਲਿਆਂ ਤੋਂ ਪਤਾ ਕਰਦੇ ਹੋਏ ਕੁਝ ਖੋਜ ਕਰੋ। ਸਵਾਲ ਪੁੱਛੋ। ਇਹ ਦੱਸੋ ਕਿ ਤੁਹਾਡੀਆਂ ਲੋੜਾਂ ਕੀ ਹਨ ਅਤੇ ਇਕ ਨਾਲੋਂ ਜ਼ਿਆਦਾ ਵਿਅਕਤੀਆਂ ਤੋਂ ਸਲਾਹ ਲਵੋ।

**ਸਾਂਝੇ ਬੈਂਕ ਅਕਾਊਂਟ** – ਬਹੁਤੇ ਬਜ਼ੁਰਗਾਂ ਦੀ ਪੈਨਸ਼ਨ ਦੀਆਂ ਚਿਕਾਂ ਉਨ੍ਹਾਂ ਦੇ ਬੈਂਕ ਅਕਾਊਂਟ ਵਿਚ ਸਿੱਧੀਆਂ ਜਮ੍ਹਾਂ ਹੁੰਦੀਆਂ ਹਨ ਅਤੇ ਉਹ ਹਰ ਮਹੀਨੇ ਉਸ ਅਕਾਊਂਟ ਵਿੱਚੋਂ ਆਪਣੇ ਬਿੱਲ ਦਿੰਦੇ ਹਨ। ਤੁਹਾਡੇ ਪੈਸਿਆਂ ਦਾ ਹਿਸਾਬ ਰੱਖਣ ਵਿਚ ਤੁਹਾਡੀ ਮਦਦ ਕਰਨ ਵਾਲਾ ਕੋਈ ਵਿਅਕਤੀ ਤੁਹਾਨੂੰ ਇਹ ਸਲਾਹ ਦੇ ਸਕਦਾ ਹੈ ਕਿ ਤੁਹਾਡਾ ਬੈਂਕ ਅਕਾਊਂਟ ਸਾਂਝੇ ਨਾਂਵਾਂ 'ਤੇ ਹੋਣਾ ਚਾਹੀਦਾ ਹੈ। ਜੇ ਤੁਸੀਂ ਅਜਿਹਾ ਕਰਨ ਦਾ ਫੈਸਲਾ ਕਰਦੇ ਹੋ ਤਾਂ ਕਿਸੇ ਭਰੋਸੇਯੋਗ ਵਿਅਕਤੀ ਦੀ ਚੋਣ ਕਰਨਾ ਯਾਦ ਰੱਖੋ ਕਿਉਂਕਿ ਫਿਰ ਤੁਸੀਂ ਦੋਨੋਂ ਜਣੇ ਬਿੱਲ ਦੇਣ ਅਤੇ ਪੈਸੇ ਕਢਵਾਉਣ ਲਈ ਤੁਹਾਡੇ ਪੈਸਿਆਂ ਤੱਕ ਪਹੁੰਚ ਕਰਨ ਦੇ ਯੋਗ ਹੋਵੋਗੇ। ਕੁਝ ਹੋਰ ਗੁੰਝਲਾਂ ਵੀ ਹਨ ਜੋ ਕਿ ਸਾਂਝੀ ਮਾਲਕੀ ਬਾਰੇ ਅੱਗੇ ਲਿਖੇ ਪੈਰੇ ਵਿਚ ਦੱਸੀਆਂ ਗਈਆਂ ਹਨ।

**ਸੰਪਤੀ ਦੀ ਸਾਂਝੀ ਮਾਲਕੀ** – ਆਪਣੇ ਕੰਮਾਂ ਨੂੰ ਸੂਤ ਸਿਰ ਕਰਨ ਵਾਲੇ ਬਜ਼ੁਰਗ ਅਕਸਰ ਆਪਣੀ ਜਾਇਦਾਦ ਨੂੰ ਸਾਂਝੀ ਮਾਲਕੀ ਵਿਚ ਰੱਖਣ ਬਾਰੇ ਵਿਚਾਰ ਕਰਦੇ ਹਨ ਤਾਂ ਜੋ ਇਸਟੇਟ ਦੀ ਸਰਕਾਰੀ ਤਸਦੀਕ ਕਰਵਾਉਣ ਅਤੇ ਮੌਤ ਸਮੇਂ ਸਰਕਾਰੀ ਤਸਦੀਕ ਦੀਆਂ ਫੀਸਾਂ ਦੇਣ ਤੋਂ ਬਚਿਆ ਜਾ ਸਕੇ। ਪਰ, ਕੁਝ ਸਮੱਸਿਆਵਾਂ ਹੋ ਸਕਦੀਆਂ ਹਨ। ਉਦਾਹਰਣ ਲਈ, ਜੇ ਤੁਸੀਂ ਆਪਣੇ ਘਰ ਵਿਚ ਆਪਣੇ ਪੁੱਤਰ ਨੂੰ ਸਾਂਝੀ ਬਣਾਉਂਦੇ ਹੋ ਤਾਂ ਤੁਸੀਂ ਇਹ ਆਜ਼ਾਦੀ ਗਵਾ ਸਕਦੇ ਹੋ ਕਿ ਤੁਸੀਂ ਆਪਣੀ ਪ੍ਰਾਪਰਟੀ ਦਾ ਕੀ ਕਰਨਾ ਚਾਹੁੰਦੇ ਹੋ। ਇਸ ਦੇ ਨਾਲ ਹੀ, ਤੁਹਾਡੀ ਮੌਤ ਤੋਂ ਬਾਅਦ ਤੁਹਾਡੇ ਘਰ ਦੀ ਮਾਲਕੀ ਉਸ ਕੋਲ ਚਲੀ ਜਾਵੇਗੀ। ਸਾਂਝੀ ਮਾਲਕੀ ਵਾਲੀ ਕੋਈ ਵੀ ਜਾਇਦਾਦ ਆਮ ਤੌਰ 'ਤੇ

ਤੁਹਾਡੀ ਇਸਟੇਟ ਦਾ ਹਿੱਸਾ ਨਹੀਂ ਬਣਦੀ ਜੋ ਕਿ ਤੁਹਾਡੀ ਵਸੀਅਤ ਮੁਤਾਬਕ ਵੰਡੀ ਜਾ ਸਕਦੀ ਹੋਵੇ। ਜੇ ਤੁਹਾਡੇ ਹੋਰ ਬੱਚੇ ਜਾਂ ਲਾਭ-ਪਾਤਰ ਹਨ ਤਾਂ ਹੋ ਸਕਦਾ ਤੁਸੀਂ ਅਜਿਹਾ ਨਾ ਕਰਨਾ ਚਾਹੁੰਦੇ ਹੋਵੋ।

ਸਾਂਝੀ ਮਾਲਕੀ ਨਾਲ ਸੰਬੰਧਿਤ ਹੋਰ ਵੀ ਸੰਭਾਵੀ ਸਮੱਸਿਆਵਾਂ ਅਤੇ ਗੁੰਝਲਾਂ ਹਨ ਜਿਨ੍ਹਾਂ ਬਾਰੇ ਚੰਗੀ ਤਰ੍ਹਾਂ ਪਤਾ ਲਾਉਣ ਦੀ ਲੋੜ ਹੋ ਸਕਦੀ ਹੈ। ਇਹ ਫੈਸਲਾ ਕਰਨ ਤੋਂ ਪਹਿਲਾਂ, ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰੋ ਜਿਸ ਨਾਲ ਤੁਸੀਂ ਸਾਂਝੇ ਅਕਾਊਂਟਾਂ ਦੇ ਫਾਇਦੇ ਅਤੇ ਨੁਕਸਾਨ ਵਿਚਾਰ ਸਕਦੇ ਹੋਵੋ ਅਤੇ ਸਾਂਝੀ ਮਾਲਕੀ ਵਾਲੀ ਪ੍ਰਾਪਰਟੀ ਦੀਆਂ ਕਨੂੰਨੀ ਅੜਚਨਾਂ ਬਾਰੇ ਕਿਸੇ ਵਕੀਲ ਜਾਂ ਨੋਟਰੀ ਨਾਲ ਸਲਾਹ ਕਰੋ।

**ਮੁਖਤਾਰਨਾਮਾ** – ਤੁਸੀਂ ਕਿਸੇ ਹੋਰ ਵਿਅਕਤੀ, ਜਾਂ ਟਰੱਸਟ ਕੰਪਨੀ ਵਰਗੇ ਕਿਸੇ ਬਿਜ਼ਨਸ ਨੂੰ, ਮੁਖਤਾਰਨਾਮੇ (ਪੌਵਰ ਆਫ ਅਟਾਰਨੀ) ਨਾਲ ਆਪਣੇ ਮਾਇਕ ਜਾਂ ਕਾਰੋਬਾਰੀ ਮਾਮਲੇ ਨਜਿੱਠਣ ਦਾ ਅਧਿਕਾਰ ਦੇ ਸਕਦੇ ਹੋ। ਇਹ ਅਧਿਕਾਰ ਹੋ ਸਕਦਾ ਹੈ:
- ਖਾਸ, ਉਦਾਹਰਣ ਲਈ ਬੈਂਕਾਂ ਦੇ ਕੰਮ ਜਾਂ ਪੈਨਸ਼ਨ ਚਿਕਾਂ ਨੂੰ ਕੈਸ਼ ਕਰਨ ਲਈ, ਜਾਂ
- ਆਮ – ਜਿਸ ਦਾ ਮਤਲਬ ਹੈ ਕਿ ਤੁਸੀਂ ਵਿਅਕਤੀ ਜਾਂ ਬਿਜ਼ਨਸ ਨੂੰ ਇਹ ਤਾਕਤ ਅਤੇ ਜ਼ਿੰਮੇਵਾਰੀ ਦੇ ਰਹੇ ਹੋ ਕਿ ਉਹ ਤੁਹਾਡੇ ਸਾਰੇ ਕਾਰੋਬਾਰ ਅਤੇ ਮਾਇਕ ਕੰਮ ਕਰੇ।

ਆਪਣੇ ਵਕੀਲ ਨੂੰ ਸਾਰੇ ਰਿਕਾਰਡ ਰੱਖਣ ਲਈ ਕਹੋ। ਤੁਹਾਡਾ ਵਕੀਲ ਤੁਹਾਡੇ ਏਜੰਟ ਵਜੋਂ ਕੰਮ ਕਰ ਰਿਹਾ ਹੈ ਅਤੇ ਉਸ ਨੂੰ ਤੁਹਾਡੇ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਜਾਂ ਤੁਹਾਡੀ ਤਰਫੋਂ ਚੁੱਕੇ ਗਏ ਕਦਮਾਂ ਬਾਰੇ ਤੁਹਾਨੂੰ ਦੱਸਣਾ ਚਾਹੀਦਾ ਹੈ।

**ਪ੍ਰਤੀਨਿਧਤਾ ਦਾ ਇਕਰਾਰਨਾਮਾ** – ਮੁਖਤਾਰਨਾਮੇ ਦੇ ਉਲਟ, ਪ੍ਰਤੀਨਿਧਤਾ ਦਾ ਇਕਰਾਰਨਾਮਾ (ਰੈਪਰੇਜ਼ਿਨਟੇਸ਼ਨ ਐਗਰੀਮੈਂਟ) ਨਿੱਜੀ ਅਤੇ ਸਿਹਤ ਸੰਭਾਲ ਨਾਲ ਸੰਬੰਧਿਤ ਫੈਸਲਿਆਂ ਨੂੰ ਕਵਰ ਕਰਨ ਦੇ ਨਾਲ ਨਾਲ, ਮਾਇਕ ਮਾਮਲਿਆਂ ਦਾ ਪ੍ਰਬੰਧ ਵੀ ਕਰਦਾ ਹੈ। ਤੁਸੀਂ ਪ੍ਰਤੀਨਿਧਤਾ ਦਾ ਇਕਰਾਰਨਾਮਾ ਕਰ ਸਕਦੇ ਹੋ:
- ਆਮ ਅਧਿਕਾਰਾਂ ਨਾਲ – ਜਿਸ ਨਾਲ ਤੁਹਾਡੇ ਪ੍ਰਤੀਨਿਧ ਨੂੰ ਤੁਹਾਡੇ ਆਮ ਮਾਇਕ ਕੰਮ ਕਰਨ ਦੀ ਆਗਿਆ ਮਿਲਦੀ ਹੈ ਜਿਵੇਂ ਬੈਂਕਾਂ ਦੇ ਕੰਮ, ਬਿੱਲ ਦੇਣਾ ਅਤੇ ਇਸ ਦੇ ਨਾਲ ਨਾਲ ਸਿਹਤ ਅਤੇ ਨਿੱਜੀ ਸੰਭਾਲ ਨਾਲ ਸੰਬੰਧਿਤ ਕੁਝ ਫੈਸਲੇ ਕਰਨਾ ਜੇ ਤੁਸੀਂ ਹੁਣ ਅਜਿਹਾ ਨਾ ਕਰ ਸਕਦੇ ਹੋਵੋ।
- ਹੋਰ ਅਧਿਕਾਰ, ਜਿਹੜੇ ਤੁਹਾਡੇ ਪ੍ਰਤੀਨਿਧ ਨੂੰ ਤੁਹਾਡੇ ਲਈ ਰੀਅਲ ਇਸਟੇਟ ਖਰੀਦਣ ਅਤੇ ਵੇਚਣ ਦਾ ਹੱਕ, ਤੁਹਾਡੇ ਕਾਰੋਬਾਰ ਨੂੰ ਚਲਾਉਣ ਜਾਂ ਸਿਹਤ ਨਾਲ ਸੰਬੰਧਿਤ ਬਹੁਤ ਹੀ ਗੰਭੀਰ ਫੈਸਲੇ ਕਰਨ ਦਾ ਹੱਕ ਦਿੰਦੇ ਹਨ ਜਿਵੇਂ ਕਿ ਜ਼ਿੰਦਗੀ ਨੂੰ ਜਿਊਂਦਾ ਰੱਖਣ ਵਾਲੀ ਮਦਦ ਅਤੇ ਇਲਾਜ ਤੋਂ ਨਾਂਹ ਕਰਨਾ।

ਤੁਹਾਡੀ ਤਰਫੋਂ ਫੈਸਲੇ ਕਰਨ ਤੋਂ ਪਹਿਲਾਂ ਪ੍ਰਤੀਨਿਧ ਲਈ ਤੁਹਾਡੇ ਨਾਲ ਸਲਾਹ-ਮਸ਼ਵਰਾ ਕਰਨਾ, ਈਮਾਨਦਾਰੀ ਨਾਲ ਕੰਮ ਕਰਨਾ ਅਤੇ ਰਿਕਾਰਡ ਰੱਖਣਾ ਜ਼ਰੂਰੀ ਹੈ। ਇਹ ਪੱਕਾ ਕਰਨ ਲਈ ਤੁਸੀਂ ਕੋਈ ਨਿਰੀਖਕ (ਮੌਨੀਟਰ) ਵੀ ਨਿਯੁਕਤ ਕਰ ਸਕਦੇ ਹੋ ਕਿ ਤੁਹਾਡਾ ਪ੍ਰਤੀਨਿਧ ਤੁਹਾਡੀ ਤਰਫੋਂ ਚੰਗਾ ਕੰਮ ਕਰ ਰਿਹਾ ਹੈ।

**ਤੁਸੀਂ ਆਪਣੇ ਫੈਸਲੇ ਆਪ ਕਰਨ ਜਾਂ ਆਪਣੇ ਕੰਮ ਆਪ ਕਰਨ ਦਾ ਹੱਕ ਨਹੀਂ ਤਿਆਗ ਰਹੇ ਹੁੰਦੇ** ਜਦੋਂ ਤੁਸੀਂ ਪ੍ਰਤੀਨਿਧਤਾ ਦਾ ਇਕਰਾਰਨਾਮਾ ਕਰਦੇ ਹੋ ਜਾਂ ਮੁਖਤਾਰਨਾਮਾ ਬਣਾਉਂਦੇ ਹੋ ਅਤੇ ਤੁਸੀਂ ਇਹ ਪੇਪਰ ਕਿਸੇ ਵੀ ਸਮੇਂ ਬਦਲ ਜਾਂ ਕੈਂਸਲ ਕਰ ਸਕਦੇ ਹੋ, ਜੇ ਤੁਸੀਂ ਇਹ ਫੈਸਲਾ ਕਰਨ ਲਈ ਦਿਮਾਗੀ ਤੌਰ ’ਤੇ ਸਮਰੱਥ ਹੋਵੋ।

**ਵਸੀਲੇ** (ਇਨ੍ਹਾਂ ਅਤੇ ਹੋਰ ਵਸੀਲਿਆਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਜਾਣਕਾਰੀ ਸ਼ੀਟ *ਕਨੂੰਨੀ ਮਦਦ ਕਿੱਥੋਂ ਲੈਣੀ ਹੈ* ਵੀ ਦੇਖੋ)

- ਬੀ ਸੀ ਸੀ ਈ ਏ ਐੱਸ -ਕਨੂੰਨੀ ਜਾਣਕਾਰੀ ਅਤੇ ਹਵਾਲੇ ਲਈ, (604) 437-1940 'ਤੇ ਜਾਂ ਦੂਰੋਂ ਮੁਫਤ 1-866-437-1940 'ਤੇ ਫੋਨ ਕਰੋ; ਕਨੂੰਨੀ ਜਾਣਕਾਰੀ ਲਈ www.bcceas.ca 'ਤੇ ਉਨ੍ਹਾਂ ਦਾ ਵੈੱਬਸਾਈਟ ਚੈੱਕ ਕਰੋ।
- ਡਾਇਲ-ਏ-ਲਾਅ – ਨੇ ਕਨੂੰਨ ਬਾਰੇ ਸੁਨੇਹੇ ਟੇਪ ਕੀਤੇ ਹੋਏ ਹਨ ਜਿਹੜੇ ਤੁਸੀਂ ਫੋਨ 'ਤੇ ਸੁਣ ਸਕਦੇ ਹੋ: (604) 687-4680 ਜਾਂ ਦੂਰੋਂ ਮੁਫਤ 1-800-565-5297
- ਲਾਇਅਰ ਰੈਫਰਲ ਸਰਵਿਸ – 25 ਡਾਲਰ ਦੇ ਕੇ ਤੁਸੀਂ ਕਿਸੇ ਵਕੀਲ ਨਾਲ 30 ਮਿੰਟ ਲਈ ਸਲਾਹ-ਮਸ਼ਵਰਾ ਕਰ ਸਕਦੇ ਹੋ। ਫੋਨ (604) 687-3221 ਜਾਂ ਦੂਰੋਂ ਮੁਫਤ 1-800-663-1919
- ਪੀਪਲਜ਼ ਲਾਅ ਸਕੂਲ – ਮੁਖਤਾਰਨਾਮੇ ਅਤੇ ਹੋਰ ਸੰਬੰਧਿਤ ਵਿਸ਼ਿਆਂ ਬਾਰੇ ਲਿਖਤਾਂ ਲਈ ਉਨ੍ਹਾਂ ਦਾ ਵੈੱਬਸਾਈਟ ਚੈੱਕ ਕਰੋ: www.publiclegaled.bc.ca
- ਪਬਲਿਕ ਗਾਰਡੀਅਨ ਐਂਡ ਟਰੱਸਟੀ ਆਫ ਬੀ ਸੀ – ਉਨ੍ਹਾਂ ਲੋਕਾਂ ਲਈ ਜਾਣਕਾਰੀ ਅਤੇ ਮਦਦ ਜਿਹੜੇ ਆਪਣੇ ਕਾਰ-ਵਿਹਾਰ ਕਰਨ ਦੇ ਅਯੋਗ ਹਨ ਅਤੇ ਪ੍ਰਤੀਨਿਧਤਾ ਅਤੇ ਵਕੀਲਾਂ ਬਾਰੇ ਸ਼ਿਕਾਇਤਾਂ ਦੀ ਪੜਤਾਲ: (604) 660-4444 ਉਨ੍ਹਾਂ ਦੇ ਵੈੱਬਸਾਈਟ www.trustee.bc.ca 'ਤੇ ਇਹ ਲਿਖਤ ਦੇਖੋ : *ਹਾਓ ਯੂ ਕੈਨ ਹੈਲਪ ਪੀਪਲ ਮੈਨੇਜ ਫਾਇਨੈਂਸਿਜ਼ ਐਂਡ ਲੀਗਲ ਮੈਟਰਜ਼ ਵੈੱਨ ਦੇ ਕੈਨਨੌਟ ਮੈਨੇਜ ਔਨ ਦੇਅਰ ਓਨ*
- ਰੈਪਰੇਜ਼ਿਨਟੇਸ਼ਨ ਐਗਰੀਮੈਂਟ ਰੀਸੋਰਸ ਸੈਂਟਰ – ਫੋਨ (604) 408-7414; ਉਨ੍ਹਾਂ ਦੇ ਵੈੱਬਸਾਈਟ www.rarc.ca 'ਤੇ ਰੈਪਰੇਜ਼ਿਨਟੇਸ਼ਨ ਐਗਰੀਮੈਂਟਸ ਬਾਰੇ ਜਾਣਕਾਰੀ ਦੇਖੋ।